# India's view on the Treaty on the Prohibition of Nuclear Weapons

January 22, 2021

---

## ਪਰਮਾਣੂ ਹਥਿਆਰਾਂ ਦੀ ਮਨਾਹੀ ਸੰਧੀ ਬਾਰੇ ਭਾਰਤ ਦਾ ਵਿਚਾਰ

22 ਜਨਵਰੀ, 2021

ਭਾਰਤ ਆਲਮੀ, ਗੈਰ-ਪੱਖਪਾਤੀ ਅਤੇ ਪ੍ਰਮਾਣਤ ਪਰਮਾਣੂ ਨਿਹੱਥੇਬੰਦੀ ਨੂੰ ਬਹੁਤ ਮਹੱਤਤਾ ਦਿੰਦਾ ਰਿਹਾ ਹੈ ਅਤੇ ਇਸ ਪ੍ਰਤੀ ਵਚਨਬੱਧ ਰਿਹਾ ਹੈ।

ਜਿੱਥੋਂ ਤੱਕ ਪਰਮਾਣੂ ਹਥਿਆਰਾਂ ਦੀ ਮਨਾਹੀ ਸੰਧੀ (TPNW) ਬਾਰੇ ਭਾਰਤ ਦੇ ਵਿਚਾਰ ਦਾ ਸਬੰਧ ਹੈ, ਭਾਰਤ ਨੇ TPNW ਬਾਰੇ ਹੋਈ ਗੱਲਬਾਤ ਵਿੱਚ ਹਿੱਸਾ ਨਹੀਂ ਲਿਆ ਅਤੇ ਲਗਾਤਾਰ ਸਪਸ਼ਟ ਕੀਤਾ ਹੈ ਕਿ ਭਾਰਤ ਇਸ ਵਿੱਚ ਧਿਰ ਨਹੀਂ ਬਣੇਗਾ। ਭਾਰਤ ਇਸ ਸੰਧੀ ਦੀ ਹਿਮਾਇਤ ਨਹੀਂ ਕਰਦਾ ਹੈ ਅਤੇ ਇਸ ਤੋਂ ਪੈਦਾ ਹੋਈਆਂ ਜ਼ਿੰਮੇਵਾਰੀਆਂ ਨਾਲ ਪਾਬੰਦ ਨਹੀਂ ਹੋਵੇਗਾ। ਭਾਰਤ ਦਾ ਵਿਚਾਰ ਹੈ ਕਿ ਇਹ ਸੰਧੀ ਨਾ ਤਾਂ ਰਵਾਇਤੀ ਆਲਮੀ ਕਾਨੂੰਨ ਹੈ ਅਤੇ ਨਾ ਹੀ ਇਸ ਦੇ ਵਿਕਾਸ ਵਿੱਚ ਕੋਈ ਯੋਗਦਾਨ ਪਾਉਂਦੀ ਹੈ; ਨਾ ਹੀ ਇਸ ਰਾਹੀਂ ਕੋਈ ਨਵੇਂ ਮਾਪਦੰਡ ਜਾਂ ਨਿਯਮ ਤੈਅ ਕੀਤੇ ਗਏ ਹਨ।

ਭਾਰਤ ਪਰਮਾਣੂ ਹਥਿਆਰਾਂ ਤੋਂ ਮੁਕਤ ਦੁਨੀਆ ਦੇ ਟੀਚੇ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦਾ ਹੈ। ਭਾਰਤ ਦਾ ਵਿਚਾਰ ਹੈ ਕਿ ਇਹ ਟੀਚਾ ਸੰਯੁਕਤ ਰਾਸ਼ਟਰ ਮਹਾਸਭਾ ਅਤੇ ਨਿਹੱਥੇਬੰਦੀ ਸੰਮੇਲਨ ਨੂੰ ਭਾਰਤ ਵੱਲੋਂ ਸੌਂਪੇ ਗਏ "ਪਰਮਾਣੂ ਨਿਹੱਥੇਬੰਦੀ" ਸਿਰਲੇਖ ਵਾਲੇ ਕਾਰਜਕਾਰੀ ਪੱਤਰ ਵਿੱਚ ਕਹੇ ਅਨੁਸਾਰ ਆਲਮੀ ਪ੍ਰਤੀਬੱਧਤਾ ਅਤੇ ਸਹਿਮਤੀ ਵਾਲੇ ਆਲਮੀ ਅਤੇ ਗੈਰ-ਪੱਖਪਾਤੀ ਬਹੁਪੱਖੀ ਢਾਂਚੇ ਅੰਦਰ ਦਰਸਾਈ ਗਈ ਪੜਾਅ-ਵਾਰ ਪ੍ਰਕਿਰਿਆ ਰਾਹੀਂ ਹਾਸਲ ਕੀਤਾ ਜਾ ਸਕਦਾ ਹੈ। ਇਸ ਸਬੰਧ ਵਿੱਚ ਭਾਰਤ ਨਿਹੱਥੇਬੰਦੀ ਸੰਮੇਲਨ ਵਿੱਚ ਵਿਆਪਕ ਪਰਮਾਣੂ ਸੰਧੀ 'ਤੇ ਗੱਲਬਾਤ ਸ਼ੁਰੂ ਹੋਣ ਦੀ ਹਿਮਾਇਤ ਕਰਦਾ ਹੈ, ਜੋ ਸਹਿਮਤੀ ਦੇ ਆਧਾਰ ਤੇ ਕੰਮ ਕਰ ਰਿਹਾ ਦੁਨੀਆ ਦਾ ਇੱਕੋ ਇੱਕ ਬਹੁਪੱਖੀ ਨਿਹੱਥੇਕਰਨ ਮੰਚ ਹੈ ਅਤੇ ਪਰਮਾਣੂ ਹਥਿਆਰਾਂ ਤੋਂ ਮੁਕਤ ਦੁਨੀਆ ਦੇ ਟੀਚੇ ਲਈ ਭਾਰਤ ਸੰਯੁਕਤ ਰਾਸ਼ਟਰ ਦੇ ਸਾਰੇ ਮੈਂਬਰ ਦੇਸ਼ਾਂ ਨਾਲ ਮਿਲਕੇ ਕੰਮ ਕਰਨ ਲਈ ਤਿਆਰ ਹੈ।

ਨਵੀਂ ਦਿੱਲੀ
22 ਜਨਵਰੀ, 2021

DISCLAIMER: This is an approximate translation. The original is available in English on MEA's website and may be referred to as the official press release.